Alberta

ਨਿਊਜ਼ ਰਿਲੀਜ਼

# ਟਰਾਂਜ਼ਿਟ ਸੁਰੱਖਿਆ ਅਤੇ ਹਿੰਸਕ ਅਪਰਾਧ: ਬਸ ਬਹੁਤ ਹੋ ਗਿਆ

04 ਅਗਸਤ, 2023

## ਅਲਬਰਟਾ ਦੀ ਸਰਕਾਰ ਸੂਬੇ ਦੇ ਵੱਡੇ ਸ਼ਹਿਰਾਂ ਵਿੱਚ ਵਧ ਰਹੇ ਅਪਰਾਧ ਅਤੇ ਗੜਬੜੀ ਦੇ ਜਵਾਬ ਵਿੱਚ ਵਿਵਸਥਾ ਨੂੰ ਬਹਾਲ ਕਰਨ ਅਤੇ ਜਨਤਕ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਕਾਰਵਾਈ ਕਰ ਰਹੀ ਹੈ।

ਐਡਮਿੰਟਨ ਅਤੇ ਕੈਲਗਰੀ ਦੋਵਾਂ ਵਿੱਚ ਅਪਰਾਧਿਕ ਗਤੀਵਿਧੀਆਂ ਵੱਧ ਰਹੀਆਂ ਹਨ। ਜੁਲਾਈ 2022 ਅਤੇ ਜਨਵਰੀ 2023 ਦੇ ਵਿਚਕਾਰ, ਐਡਮਿੰਟਨ ਦੇ ਐਲ ਆਰ ਟੀ ਅਤੇ ਟ੍ਰਾਂਜ਼ਿਟ ਸੈਂਟਰਾਂ ਵਿੱਚ ਹਿੰਸਕ ਅਪਰਾਧਿਕ ਘਟਨਾਵਾਂ ਵਿੱਚ 75 ਪ੍ਰਤੀਸ਼ਤ ਵਾਧਾ ਹੋਇਆ ਹੈ। ਕੈਲਗਰੀ ਵਿੱਚ, 2021 ਅਤੇ 2022 ਦਰਮਿਆਨ ਐਲ ਆਰ ਟੀ ਸਟੇਸ਼ਨਾਂ 'ਤੇ ਅਪਰਾਧਿਕ ਘਟਨਾਵਾਂਵਿੱਚ ਕੁੱਲ 46 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ।

ਪ੍ਰੀਮੀਅਰ ਡੈਨੀਅਲ ਸਮਿਥ ਨੇ ਜਨਤਕ ਸੁਰੱਖਿਆ ਅਤੇ ਐਮਰਜੈਂਸੀ ਸੇਵਾਵਾਂ ਦੇ ਮੰਤਰੀ ਮਾਈਕ ਐਲਿਸ ਨੂੰ ਅਗਲੇ 18 ਮਹੀਨਿਆਂ ਵਿੱਚ 100 ਹੋਰ ਸਟ੍ਰੀਟ-ਪੱਧਰ ਦੇ ਪੁਲਿਸ ਅਫਸਰਾਂ ਦੀ ਨਿਯੁਕਤੀ ਕਰਨ ਦੀ ਯੋਜਨਾ ਵਿਕਸਤ ਕਰਨ ਲਈ ਆਪਣੇ ਕੈਬਨਿਟ ਸਹਿਯੋਗੀਆਂ ਨਾਲ ਕੰਮ ਕਰਨ ਲਈ ਨਿਰਦੇਸ਼ ਦਿੱਤਾ ਹੈ ਤਾਂ ਜੋ ਕਾਨੂੰਨ ਲਾਗੂ ਕਰਨ ਵਾਲੇ ਢਾਂਚੇ ਨੂੰ ਵਧਾਇਆ ਜਾ ਸਕੇ ਅਤੇ ਕੈਲਗਰੀ ਅਤੇ ਐਡਮੰਟਨ ਵਿੱਚ ਉੱਚ ਪੱਧਰੀ ਅਪਰਾਧ ਸਥਾਨਾਂ 'ਤੇ ਅਪਰਾਧਿਕ ਗਤੀਵਿਧੀਆਂ ਨਾਲ ਨਜਿੱਠਿਆ ਜਾ ਸਕੇ।

"ਜਨਤਕ ਸੜਕਾਂ 'ਤੇ ਸੁਰੱਖਿਆ ਨਾਲ ਕਦੇ ਵੀ ਸਮਝੌਤਾ ਨਹੀਂ ਹੋ ਸਕਦਾੈ। ਅਸੀਂ ਇੱਕੋ ਸਮੇਂ ਮਾਨਸਿਕ ਸਿਹਤ ਅਤੇ ਨਸ਼ਾਖੋਰੀ ਵਰਗੇ ਮੂਲ ਕਾਰਨਾਂ ਨੂੰ ਹੱਲ ਕਰ ਸਕਦੇ ਹਾਂ, ਪਰ ਅਸੀਂ ਕੈਲਗਰੀ ਅਤੇ ਐਡਮਿੰਟਨ ਵਾਸੀਆਂ ਦੀ ਸੁਰੱਖਿਆ ਨਾਲ ਸਮਝੌਤਾ ਨਹੀਂ ਕਰਾਂਗੇ। ਇਹ ਫੈਡਰਲ ਸਰਕਾਰ ਦੁਆਰਾ ਆਪਣੇ ਨਕਾਰਾ ਹੋ ਚੁੱਕੇ ਫੜੋ-ਅਤੇ-ਛੱਡੋ ਵਾਲੇ ਜ਼ਮਾਨਤ ਸਿਸਟਮ ਵਿੱਚ ਸੁਧਾਰ ਕਰਨ ਦੇ ਨਾਲ ਸ਼ੁਰੂ ਹੁੰਦੀ ਹੈ ਅਤੇ ਇਸ ਵਿੱਚ ਅਪਰਾਧੀਆਂ ਦੇ ਵਿਰੁੱਧ ਲੜਨ ਲਈ ਸ਼ਹਿਰਾਂ ਅਤੇ ਪੁਲਿਸ ਸੇਵਾਵਾਂ ਨਾਲ ਕੰਮ ਕਰਨਾ ਸ਼ਾਮਲ ਹੈ।"

*ਡੈਨੀਅਲ ਸਮਿਥ, ਪ੍ਰੀਮੀਅਰ*

Classification: Public

ਸ਼ਹਿਰ ਦੀਆਂ ਸੜਕਾਂ 'ਤੇ ਸਟ੍ਰੀਟ-ਪੱਧਰ ਦੇ ਪੁਲਿਸ ਅਫਸਰਾਂ ਦੀ ਗਿਣਤੀ ਵਧਾਉਣ ਦੇ ਨਾਲ-ਨਾਲ, ਅਲਬਰਟਾ ਦੀ ਸਰਕਾਰ ਸਿਟੀ ਆਫ ਕੈਲਗਰੀ ਅਤੇ ਸਿਟੀ ਆਫ ਐਡਮਿੰਟਨ ਨੂੰ ਕੈਲਗਰੀ ਅਤੇ ਐਡਮਿੰਟਨ ਵਿਚ ਟਰਾਂਜਿਟ ਪੀਸ ਅਫਸਰਾਂ ਦੀ ਕਮਾਂਡ ਅਤੇ ਕੰਟਰੋਲ ਕੈਲਗਰੀ ਅਤੇ ਐਡਮਿੰਟਨ ਦੀਆਂ ਪੁਲਿਸ ਸੇਵਾਵਾਂ  ਨੂੰ ਤਬਦੀਲ ਕਰਨ ਲਈ ਉਤਸ਼ਾਹਿਤ ਕਰ ਰਹੀ ਹੈ। ਇਹ ਤਬਾਦਲਾ ਪੁਲਿਸ ਨੂੰ ਜਨਤਕ ਆਵਾਜਾਈ 'ਤੇ ਹਿੰਸਕ ਅਪਰਾਧ ਦੇ ਵਾਧੇ ਲਈ ਇੱਕ ਤਾਲਮੇਲ ਅਤੇ ਰਣਨੀਤਕ ਪ੍ਰਤੀਕਿਰਿਆ ਦੀ ਬਿਹਤਰ ਅਗਵਾਈ ਕਰਨ ਦੇ ਯੋਗ ਬਣਾਏਗਾ।

ਸ਼ਹਿਰਾਂ ਦੇ ਟਰਾਂਜਿਟ ਨੈਟਵਰਕਾਂ 'ਤੇ ਜਨਤਕ ਸੁਰੱਖਿਆ ਨੂੰ ਬਿਹਤਰ ਬਣਾਉਣ ਵਿੱਚ ਨਸ਼ੀਲੇ ਪਦਾਰਥਾਂ ਅਤੇ ਮਲਬੇ ਤੋਂ ਮੁਕਤ ਸਟੇਸ਼ਨ ਅਤੇ ਵਾਹਨ ਵੀ ਸ਼ਾਮਲ ਹੁੰਦੇ ਹਨ। ਹਰੇਕ ਸ਼ਹਿਰ ਨੂੰ $5-ਮਿਲੀਅਨ ਦੀ ਨਵੀਂ ਗ੍ਰਾਂਟ ਰਾਹੀਂ, ਮਿਉਂਸਪਲ ਸਰਕਾਰਾਂ ਸਟੇਸ਼ਨ ਪਲੇਟਫਾਰਮਾਂ ਅਤੇ ਵਾਹਨਾਂ ਨੂੰ ਸਾਫ਼, ਸੁਰੱਖਿਅਤ ਰੱਖਣ ਅਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ  ਕੈਲਗਰੀ ਅਤੇ ਐਡਮਿੰਟਨ ਵਾਸੀਆਂ ਲਈ ਸੁਆਗਤਮਈ ਬਣਾਉਣ ਵਾਸਤੇਲੋੜੀਂਦੀਆਂ ਸੇਵਾਵਾਂ ਪ੍ਰਦਾਨ ਕਰਨ ਦੇ ਯੋਗ ਹੋਣਗੀਆਂ।

# ਪੁਲਿਸ ਅਤੇ ਸੰਕਟ ਟੀਮਾਂ

ਮਾਨਸਿਕ ਸਿਹਤ ਅਤੇ ਨਸ਼ਾ ਛੁਡਾਊ ਦੇਖਭਾਲ ਦੀਆਂ ਮਜ਼ਬੂਤ ਰਿਕਵਰੀ-ਅਧਾਰਿਤ ਪ੍ਰਣਾਲੀਆਂ ਬਣਾਉਣ ਦੇ ਹਿੱਸੇ ਵਜੋਂ, ਅਲਬਰਟਾ ਦੀ ਸਰਕਾਰ ਕੈਲਗਰੀ ਅਤੇ ਐਡਮੰਟਨ ਵਿੱਚ ਪੁਲਿਸ ਅਤੇ ਸੰਕਟ ਟੀਮਾਂ (PACT) ਦੀ ਗਿਣਤੀ ਵਧਾਉਣ ਲਈ ਤਿੰਨ ਸਾਲਾਂ ਵਿੱਚ ਲਗਭਗ $8 ਮਿਲੀਅਨ ਦਾ ਨਿਵੇਸ਼ ਕਰ ਰਹੀ ਹੈ। ਜੇ ਕਿਤੇ ਮਾਨਸਿਕ ਸਿਹਤ ਨਾਲ ਸੰਬੰਧਤ ਪ੍ਰੇਸ਼ਾਨੀ ਹੋਵੇ ਤਾਂ PACT ਪੁਲਿਸ ਕਾਂਸਟੇਬਲਾਂ ਨੂੰ ਅਲਬਰਟਾ ਹੈਲਥ ਸਰਵਿਸਿਜ਼ ਦੇ ਮਾਨਸਿਕ ਸਿਹਤ ਥੈਰੇਪਿਸਟਾਂ ਨਾਲ 911 ਕਾਲਾਂ ਦਾ ਜਵਾਬ ਦੇਣ ਲਈ ਜੋੜਦਾ ਹੈੈ। ਪੁਲਿਸ ਅਤੇ ਮਾਨਸਿਕ ਸਿਹਤ ਥੈਰੇਪਿਸਟ ਇੱਕ ਗਾਹਕ ਦੀ ਮਾਨਸਿਕ ਸਿਹਤ ਚੁਣੌਤੀ ਦਾ ਮੁਲਾਂਕਣ ਕਰਨ ਅਤੇ ਇਹ ਨਿਰਧਾਰਤ ਕਰਨ ਲਈ ਇਕੱਠੇ ਕੰਮ ਕਰਦੇ ਹਨ ਕਿ ਵਿਅਕਤੀ ਅਤੇ ਸਮਾਜ ਨੂੰ ਸੁਰੱਖਿਅਤ ਰੱਖਣ ਲਈ ਕਿਸ ਸਹਾਇਤਾ ਦੀ ਲੋੜ ਹੈ।

ਇਸ ਫੰਡਿੰਗ ਨਾਲ, ਅਲਬਰਟਾ ਦੀ ਸਰਕਾਰ ਹਰੇਕ ਸ਼ਹਿਰ ਵਿੱਚ 12 ਨਵੀਆਂ PACT ਭਾਈਵਾਲੀਆਂ ਜੋੜ ਰਹੀ ਹੈ। ਇਹ ਕੈਲਗਰੀ ਵਿੱਚ PACT ਟੀਮਾਂ ਦੀ ਸੰਖਿਆ ਨੂੰ 12 ਤੋਂ ਵਧ ਕੇ 24 ਤੱਕ ਦੁੱਗਣਾ ਕਰ ਦੇਵੇਗਾ,ਅਤੇ ਐਡਮੰਟਨ ਵਿੱਚ  ਛੇ ਤੋਂ 18 ਤੱਕ ਤਿੰਨ ਗੁਣਾ ਵਧ ਜਾਵੇਗਾ। ਇਹ ਭਾਈਵਾਲੀਆਂ ਹਰ ਕਿਸੇ ਲਈ ਜਨਤਕ ਸੁਰੱਖਿਆ ਨੂੰ ਬਿਹਤਰ ਬਣਾਉਂਦੇ ਹੋਏ ਮਾਨਸਿਕ ਸਿਹਤ ਚੁਣੌਤੀਆਂ ਨਾਲ ਜੂਝ ਰਹੇ ਅਲਬਰਟਾ ਵਾਸੀਆਂ ਦੀ ਬਿਹਤਰ ਸਹਾਇਤਾ ਕਰਨਗੀਆਂ।

# ਮੁੱਖ ਤੱਥ

ਐਡਮਿੰਟਨ ਅਪਰਾਧ:

- ਡਾਊਨਟਾਊਨ ਐਡਮਿੰਟਨ ਵਿੱਚ ਔਸਤ ਅਪਰਾਧ ਗੰਭੀਰਤਾ ਸੂਚਕਾਂਕ ਦਸੰਬਰ 2022 ਵਿੱਚ 29 ਫੀਸਦੀ ਵਧ ਕੇ 116 ਹੋ ਗਿਆ ਹੈ, ਜੋ ਕਿ ਜੁਲਾਈ 2022 ਵਿੱਚ 90 ਸੀ, ਇਸ ਵਿੱਚ ਗੰਭੀਰ ਅਪਰਾਧਿਕ ਅਪਰਾਧਾਂ ਖਾਸ ਤੌਰ 'ਤੇ ਦੂਜੀ-ਡਿਗਰੀ ਕਤਲ, ਹਥਿਆਰ ਨਾਲ ਸਰੀਰਕ ਨੁਕਸਾਨ ਪਹੁੰਚਾਉਣ ਵਾਲੇ ਹਮਲੇ, ਡਕੈਤੀ ਅਤੇ ਭਿਆਨਕ ਹਮਲਾ.ਵਿੱਚ ਵਾਧਾ ਸ਼ਾਮਲ ਹੈ।

- ਐਡਮਿੰਟਨ ਵਿੱਚ, ਪੂਰੇ ਸ਼ਹਿਰ ਦੇ ਮੁਕਾਬਲੇ ਇੱਕ ਵਿਅਕਤੀ ਦੇ ਇੱਕ ਟਰਾਂਜ਼ਿਟ ਕੇਂਦਰ ਵਿੱਚ ਕਿਸੇ ਅਜਨਬੀ ਦੁਆਰਾ ਹਮਲਾ ਕੀਤੇ ਜਾਣ ਦੀ ਸੰਭਾਵਨਾ ਦੁੱਗਣੀ ਹੈ (LRT ਆਵਾਜਾਈ ਵਿੱਚ 70 ਪ੍ਰਤੀਸ਼ਤ ਬਨਾਮ ਸ਼ਹਿਰ ਭਰ ਵਿੱਚ 36 ਪ੍ਰਤੀਸ਼ਤ)।

ਕੈਲਗਰੀ ਅਪਰਾਧ:

- ਕੈਲਗਰੀ ਵਿੱਚ ਜਾਇਦਾਦ ਦੇ ਅਪਰਾਧ ਦੀਆਂ ਘਟਨਾਵਾਂ ਲਗਭਗ ਦੁੱਗਣੀਆਂ ਹੋ ਗਈਆਂ - 2022 ਵਿੱਚ 95 ਪ੍ਰਤੀਸ਼ਤ ਵੱਧ ਕੇ 463 ਹੋ ਗਈਆਂ, ਜੋ ਕਿ 2021 ਵਿੱਚ 238 ਸੀ।
- ਕੈਲਗਰੀ ਐਲ ਆਰ ਟੀ ਸਟੇਸ਼ਨਾਂ ਦੀ ਸੇਵਾ ਲਈ ਕੁੱਲ ਕਾਲਾਂ 2022 ਵਿੱਚ ਵਧ ਕੇ 9,317 ਹੋ ਗਈਆਂ, ਜੋ ਕਿ 2021 ਦੀਆਂ 6,706 ਤੋਂ 39 ਪ੍ਰਤੀਸ਼ਤ ਵੱਧ ਹਨ।
    - ਕੈਲਗਰੀ ਐਲ ਆਰ ਟੀ ਸਟੇਸ਼ਨਾਂ ਦੀ ਸੇਵਾ ਲਈ ਕੁੱਲ ਕਾਲਾਂ 2022 ਵਿੱਚ ਵਧ ਕੇ 5,012 ਹੋ ਗਈਆਂ, ਜੋ ਕਿ 2021 ਦੀਆਂ 4,160 ਤੋਂ 20 ਪ੍ਰਤੀਸ਼ਤ ਵੱਧ ਹਨ।
    - 2022 ਵਿੱਚ ਐਲ ਆਰ ਟੀ ਸਟੇਸ਼ਨਾਂ ਦੀ ਸੇਵਾ ਲਈ ਔਫਿਸਰਜ਼-ਜਨਰੇਟਡ ਕਾਲਾਂ 2021 ਦੇ 4,160 ਤੋਂ 20 ਫੀਸਦੀ ਵੱਧ ਕੇ 5,012 ਹੋ ਗਈਆਂ।

PACT ਤੱਥ:

- ਪੁਲਿਸ ਅਤੇ ਸੰਕਟ ਦੀਆਂ ਟੀਮਾਂ (PACT) ਸੰਕਟ ਦੀਆਂ ਸਥਿਤੀਆਂ ਵਿੱਚ ਮਾਨਸਿਕ ਸਿਹਤ ਮੁਲਾਂਕਣ, ਸਹਾਇਤਾ ਅਤੇ/ਜਾਂ ਸਲਾਹ-ਮਸ਼ਵਰੇ ਦੀ ਪੇਸ਼ਕਸ਼ ਕਰਦੀਆਂ ਹਨ। ਮਾਨਸਿਕ ਸਿਹਤ ਦੇ ਥੈਰੇਪਿਸਟ ਮਾਨਸਿਕ ਸਿਹਤ ਲੋੜਾਂ ਦਾ ਮੁਲਾਂਕਣ ਕਰਨ ਅਤੇ *ਮਾਨਸਿਕ ਸਿਹਤ ਐਕਟ* ਅਤੇ ਅਪਰਾਧਿਕ ਨਿਆਂ ਪ੍ਰਣਾਲੀ ਦੇ ਅਨੁਸਾਰ ਉਚਿਤ ਕਾਰਵਾਈ ਨਿਰਧਾਰਤ ਕਰਨ ਲਈ ਪੁਲਿਸ ਕਾਂਸਟੇਬਲਾਂ ਨਾਲ ਕੰਮ ਕਰਦੇ ਹਨ।

## ਸੰਬੰਧਿਤ ਜਾਣਕਾਰੀ

- ਕੈਲਗਰੀ ਪਬਲਿਕ ਸੇਫਟੀ ਅਤੇ ਕਮਿਊਨਿਟੀ ਰਿਸਪਾਂਸ ਟਾਸਕ ਫੋਰਸ
- ਐਡਮਿੰਟਨ ਪਬਲਿਕ ਸੇਫਟੀ ਅਤੇ ਕਮਿਊਨਿਟੀ ਰਿਸਪਾਂਸ ਟਾਸਕ ਫੋਰਸ

## ਸੰਬੰਧਿਤ ਖਬਰਾਂ

- ਸੂਬਾ ਕੈਲਗਰੀ ਦੇ ਅੰਦਰੂਨੀ ਸ਼ਹਿਰ ਵਿੱਚ ਸ਼ੈਰਿਫ ਤਾਇਨਾਤ ਕਰਦਾ ਹੈ (ਫਰਵਰੀ 14, 2023)
- ਸੂਬੇ ਨੇ ਡਾਊਨਟਾਊਨ ਐਡਮਿੰਟਨ ਵਿੱਚ ਸ਼ੈਰਿਫ ਤਾਇਨਾਤ ਕੀਤੇ ਹਨ (ਫਰਵਰੀ 1, 2023)

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਦੇਖੋ

Classification: Public